SIEEP ...

ਪੰਜਾਬ ਸਰਕਾਰ

# ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ

ਵਿਕਾਸ ਭਵਨ, ਪਲਾਟ ਨੰਬਰ: 1, ਸੈਕਟਰ-62,ਫੇਜ-8
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
ਫੋਨ ਤੇ ਫੈਕਸ: 0172-2231749 ਈ-ਮੇਲ: sirdpb@gmail.com

ਨੰ:3108/SIRD to 3151 ਮਿਤੀ: 3-10-2011

ਵੱਲ

ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
ਸਮੂਹ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ

ਵਿਸ਼ਾ: **ਪੰਚਾਇਤ ਫੰਕਸ਼ਨਰੀਜ਼ ਲਈ ਬੇਸਿਕ ਕੰਪਿਊਟਰ ਲਿਟਰੇਸੀ ਕੋਰਸ।**

ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਹਰੇਕ ਅਧਿਕਾਰੀ/ਕਰਮਚਾਰੀ ਨੂੰ ਕੰਪਿਊਟਰ ਦੀ ਵਰਤੋਂ ਕਰਨੀ ਆਉਂਦੀ ਹੋਣੀ ਚਾਹੀਦੀ ਹੈ। ਇਸ ਲਈ ਭਾਰਤ ਸਰਕਾਰ ਦੇ ਸਹਿਯੋਗ ਨਾਲ ਇਸ ਸੰਸਥਾ ਵੱਲੋਂ ਭਾਰਤ ਸਰਕਾਰ ਦੁਆਰਾ ਨਾਮਜਦ ਸੰਸਥਾ ਡੋਆਇਕ ਸੋਸਾਇਟੀ ਰਾਹੀਂ (ਕਾਪੀ ਨੱਥੀ) ਇਹ ਟਰੇਨਿੰਗ ਜਿਲਾ ਅਤੇ ਬਲਾਕ ਪੱਧਰ ਤੇ ਸ਼ੁਰੂ ਕਰਵਾਈ ਜਾ ਰਹੀ ਹੈ।ਇਹ ਟਰੇਨਿੰਗ 36 ਘੰਟਿਆਂ ਦੀ ਹੋਵੇਗੀ। ਜਿਲਾ ਵਾਈਜ਼ ਸੋਫਟ ਵੇਅਰ ਸੈਂਟਰਾਂ ਦੀ ਲਿਸਟ ਇਸ ਪੱਤਰ ਨਾਲ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਜਿਲੇ ਦੇ ਸਬੰਧਤ ਦਫਤਰਾਂ ਦੇ ਅਧਿਕਾਰੀਆਂ/ਕਰਮਚਾਰੀਆਂ/ਚੁਣੇ ਹੋਏ ਨੁਮਾਇੰਦਿਆਂ ਨੂੰ ਹੇਠ ਲਿਖੀ ਵੰਡ ਅਨੁਸਾਰ ਕੰਪਿਊਟਰ ਟਰੇਨਿੰਗ ਜਲਦ ਤੋਂ ਜਲਦ ਕਰਵਾ ਲਈ ਜਾਵੇ। ਇਸ ਲਈ ਆਪ ਵੱਲੋਂ ਨੱਥੀ ਲਿਸਟ ਅਨੁਸਾਰ ਆਪਣੇ ਜਿਲੇ ਦਾ ਟਰੇਨਿੰਗ ਸ਼ਡਿਊਲ ਟਰੇਨਿੰਗ ਸੈਂਟਰਾਂ ਦੇ ਇੰਚਾਰਜ਼ਾਂ ਨਾਲ ਫਾਈਨਲ ਕਰ ਲਿਆ ਜਾਵੇ।

ਨਾਮਜਦਗੀਆਂ ਹੇਠ ਲਿਖੀ ਵੰਡ ਅਨੁਸਾਰ ਕੀਤੀਆਂ ਜਾਣ:

ੳ. **ਜਿਲਾ ਪੱਧਰ ਤੇ:** ਹਰ ਇੱਕ ਜਿਲੇ ਵਿੱਚੋਂ ਅੱਠ ਅਧਿਕਾਰੀ/ਕਰਮਚਾਰੀ/ਚੁਣੇ ਹੋਏ ਨੁਮਾਇੰਦੇ, ਜਿਨਾਂ ਵਿੱਚੋਂ 2 ਚੁਣੇ ਹੋਏ ਨੁਮਾਇੰਦੇ, 2 ਏ.ਡੀ.ਸੀ. (ਵਿਕਾਸ)/ਜਿਲ੍ਹਾ ਪਰੀਸ਼ਦ ਦਫਤਰ ਵਿੱਚੋਂ, 2 ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਦੇ ਦਫਤਰ ਵਿੱਚੋਂ ਅਤੇ 2 ਐਕਸੀਅਨ ਪੰਚਾਇਤੀ ਰਾਜ ਦੇ ਦਫਤਰ ਵਿੱਚੋਂ

ਅ. **ਬਲਾਕ ਪੱਧਰ ਤੇ:** ਹਰ ਇੱਕ ਬਲਾਕ ਵਿੱਚੋਂ 5 ਤੋਂ 8 ਅਧਿਕਾਰੀ/ਕਰਮਚਾਰੀ/ਚੁਣੇ ਹੋਏ ਨੁਮਾਇੰਦੇ ਜਿਨ੍ਹਾਂ ਵਿੱਚੋਂ 2 ਚੁਣੇ ਹੋਏ ਨੁਮਾਇੰਦੇ ਅਤੇ 6 ਅਧਿਕਾਰੀ/ਕਰਮਚਾਰੀ।

ਚੁਣੇ ਹੋਏ ਨੁਮਾਇੰਦੇ ਨਾਮਜਦ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਉਨ੍ਹਾਂ ਦੀ ਵਿੱਦਿਅਕ ਯੋਗਤਾ ਕੰਪਿਊਟਰ ਸਿੱਖਣ ਦੇ ਯੋਗ ਹੋਵੇ। ਟਰੇਨਿੰਗ ਪੂਰੀ ਹੋਣ ਉਪਰੰਤ ਨਾਲ ਨੱਥੀ ਪ੍ਰੋਫਾਰਮੇ ਵਿੱਚ ਆਪਣੇ ਜਿਲੇ ਦੀ ਬਲਾਕ ਪੱਧਰ ਅਤੇ ਜਿਲਾ ਪੱਧਰ ਤੇ ਕਰਵਾਈ ਗਈ ਟਰੇਨਿੰਗ ਦੀ ਰਿਪੋਰਟ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਡਾਇਰੈਕਟਰ

ਪਿੱਠ ਅੰਕਣ ਨੰ. 3152/SIRD ਮਿਤੀ: 3-10-2011

ਇਸ ਦਾ ਇੱਕ ਉਤਾਰਾ ਡੋਆਇਕ ਸੋਸਾਇਟੀ ਐਸ.ਸੀ.ਓ 114-116 ਸੈਕਟਰ 17ਬੀ ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਟਰੇਨਿੰਗ ਸੈਂਟਰਾਂ ਦੇ ਇੰਚਾਰਜਾਂ ਨੂੰ ਹਦਾਇਤ ਕਰੋ ਕਿ ਸਬੰਧਤ ਜਿਲੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ ਨਾਲ ਤਾਲਮੇਲ ਕਰਕੇ ਨਾਮਜਦਗੀਆਂ ਕਰਵਾ ਕੇ ਟਰੇਨਿੰਗ ਕਰਵਾਈ ਜਾਵੇ।

ਡਾਇਰੈਕਟਰ